# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 5015864, 5015865**

**ਫੈਕਸ:0172-2624687**


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ ਐ.ਸਿੱ), ਨੋਟਿਸ ਬੋਰਡ ਰਾਹੀਂ
ਸਮੂਹ ਡੀ.ਆਰ.ਪੀਜ਼ (ਐਸ.ਐਸ.ਟੀ),
ਸਮੂਹ ਸਕੂਲ ਮੁਖੀ, ਵੈੱਬ ਸਾਈਟ ਰਾਹੀਂ
ਪੰਜਾਬ।

ਮੀਮੋ ਨੰ. ਸਸਅ/ਐਸ.ਐਸ.ਟੀ/2012/91349-91352
ਮਿਤੀ: ਚੰਡੀਗੜ੍ਹ 31.12.2012

ਵਿਸ਼ਾ:- ਸਕੂਲਾਂ ਵਿੱਚ ਛੇਵੀ, **ਸੱਤਵੀ** ਅਤੇ **ਅੱਠਵੀਂ** ਜਮਾਤ ਦੇ ਸਮਾਜਿਕ ਸਿੱਖਿਆ ਵਿਸ਼ੇ ਦਾ ਬੇਸ ਲਾਈਨ ਮੁਲਾਂਕਣ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਰਾਜ ਦੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬੇਸ ਲਾਈਨ ਮੁਲਾਂਕਣ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ :-

ੳ). ਇਹ ਮੁਲਾਂਕਣ ਨਿਰਧਾਰਤ ਮੁਲਾਂਕਣ ਟੂਲਜ਼ ਅਨੁਸਾਰ ਹੇਠ ਲਿਖੇ ਚਾਰ ਪੈਰਾਮੀਟਰਜ਼ ਤੇ ਕਰਵਾਈਆ ਜਾਵੇ :-

1) ਗਿਆਨ (Knowledge) 2) ਸਮਝ (Understanding)
3) ਗਿਆਨ ਦੀ ਵਰਤੋਂ (Application) 4) ਕੌਸ਼ਲ (Skill)

ਅ). ਇਹ ਮੁਲਾਂਕਣ, ਸਕੂਲਾਂ ਦੇ ਵਿਦਿਆਰਥੀਆ ਦੀ ਸਮਾਜਿਕ ਸਿੱਖਿਆ ਵਿਸ਼ੇ ਵਿੱਚ ਰੁਚੀ ਅਤੇ ਹੋਰ ਪਹਿਲੂਆਂ ਨੂੰ ਪਰਖਣ ਹਿੱਤ ਕਰਵਾਇਆ ਜਾਣਾ ਹੈ।

ੲ). ਇਸ ਮੁਲਾਂਕਣ ਵਿੱਚ ਸਮੂਹ ਸਮਾਜਿਕ ਸਿੱਖਿਆ ਵਿਸ਼ੇ ਦੇ ਅਧਿਆਪਕ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਕਿਸੇ ਤਰ੍ਹਾਂ ਦੀ ਨਕਲ ਨਾ ਕਰਨ।

ਸ). ਸਮੂਹ ਸਮਾਜਿਕ ਸਿੱਖਿਆ ਵਿਸ਼ੇ ਦੇ ਅਧਿਆਪਕ ਮਿਤੀ: 1/01/2013 ਤੋਂ 15/01/2013 ਤੱਕ ਸਾਰੇ ਵਿਦਿਆਰਥੀਆਂ ਦੀ ਮੁਲਾਂਕਣ ਟੂਲਜ਼ ਰਾਹੀਂ ਸਮੁੱਚਾ ਮੁਲਾਂਕਣ ਮੁਕੰਮਲ ਕਰਕੇ ਉਸਦਾ ਨਤੀਜਾ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਤਿਆਰ ਕਰਕੇ ਆਪਣੇ ਜ਼ਿਲ੍ਹੇ ਦੇ ਡੀ.ਆਰ.ਪੀ ਨੂੰ ਭੇਜਣਾ ਯਕੀਨੀ ਬਨਾਉਣਗੇ।

ਹ). ਸਮੂਹ ਸਕੂਲਾਂ ਵਿੱਚ ਇਹ ਮੁਲਾਂਕਣ ਮੁਕੰਮਲ ਹੋਣ ਉਪਰੰਤ ਡੀ.ਆਰ.ਪੀਜ਼ (ਐਸ.ਐਸ.ਟੀ) ਆਪਣੇ ਜ਼ਿਲ੍ਹੇ ਦੀ ਰਿਪੋਰਟ ਤਿਆਰ ਕਰਕੇ ਮੁੱਖ ਦਫ਼ਤਰ ਨੂੰ ਭੇਜਣਗੇ।

3.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ

**ਨੱਥੀ:**

1. **ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਬੇਸ ਲਾਈਨ ਟੂਲਜ਼**
2. **ਬੇਸ ਲਾਈਨ ਟੈਸਟਿੰਗ ਲਈ ਪ੍ਰੋਫ਼ਾਰਮਾ (ਪ੍ਰੋਫ਼ਾਰਮਾ-1 ਅਤੇ 2)**

## ਬੇਸਲਾਈਨ ਟੈਸਟਿੰਗ ਟੂਲ

## ਵਿਸ਼ਾ - ਸਮਾਜਿਕ ਵਿਗਿਆਨ

## ਜਮਾਤ - ਛੇਵੀਂ

### ਭੂਗੋਲ

1. ਅਸੀਂ ਕਿਸ ਗ੍ਰਹਿ ਤੇ ਰਹਿੰਦੇ ਹਾਂ? 1

2. ਪੰਜਾਬ ਦੀਆਂ ਦੋ ਮੁੱਖ ਫਸਲਾਂ ਦੇ ਨਾਂ ਦੱਸੋ? 1

3. ਚਾਰ ਮੁੱਖ ਦਿਸ਼ਾਵਾ ਦੇ ਨਾਂ ਦੱਸੋ? 2

4.ਗਲੋਬ ਨੂੰ ਧਰਤੀ ਦਾ ਮਾਡਲ ਕਿਉਂ ਕਿਹਾ ਜਾਂਦਾ ਹੈ? 2

5.ਗਰਮੀਆਂ ਅਤੇ ਸਰਦੀਆਂ ਦੇ ਪਹਿਰਾਵੇ ਵਿੱਚ ਕੀ ਅੰਤਰ ਹੈ? 3

6. ਖੇਤੀਬਾੜੀ ਤੋਂ ਕੀ ਭਾਵ ਹੈ? 3

7. ਗਲੱਬ ਉੱਤੇ ਅਕਸ਼ਾਸ ਅਤੇ ਦਿਸ਼ਾਤਰਾ ਵਿੱਚ ਅੰਤਰ ਦੱਸੋ? 4

8.ਗੁਜਾਰੇਬੰਦੀ ਅਤੇ ਵਪਾਰਿਕ ਖੇਤੀ ਵਿੱਚ ਕੀ ਅੰਤਰ ਹੈ? 4

### ਇਤਿਹਾਸ

9.ਵਿਰਾਸਤ - ਏ- ਖਾਲਸਾ ਪੰਜਾਬ ਦੇ ਕਿਸ ਸ਼ਹਿਰ ਵਿੱਚ ਸਥਿਤ ਹੈ? 1

10.ਆਦਿ ਮਨੁੱਖ ਪਹਿਲਾਂ - ਪਹਿਲ ਕਿਥੇ ਰਹਿੰਦਾ ਸੀ ? 1

11.ਆਦਿ ਮਨੁੱਖ ਨੇ ਅੱਗ ਦੀ ਖੋਜ਼ ਕਿਵੇਂ ਕੀਤੀ ? 2

12.ਸੰਸਾਰ ਦੀਆਂ ਦੋ ਪ੍ਰਸਿੱਧ ਪਠਾਰਾਂ ਦੇ ਨਾਂ ਦੱਸੋ? 2

13. ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰਾਂ ਸਹਾਇਤਾ ਕੀਤੀ? 3

14. ਧਰਤੀ ਦੇ ਮੁੱਖ ਭੂ - ਰੂਪਾਂ ਦੇ ਨਾਂ ਦਸੋ? 3

15. ਸੰਸਾਰ ਵਿੱਚ ਕਿੰਨੇ ਮਹਾਦੀਪ ਹਨ।ਨਾਮ ਦੱਸੋ? 4

16.ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਬਾਰੇ ਵਿਚਾਰ ਦੱਸੋ? 4

### ਨਾਗਰਿਕ ਸ਼ਾਸ਼ਤਰ

17.ਗਣਤੰਤਰ ਦਿਵਸ ਕਦੋਂ ਮਨਾਇਆ ਜਾਂਦਾਂ ਹੈ? 1

18. ਸਕੂਲ ਦੀ ਸੰਪੱਤੀ ਪ੍ਰਤੀ ਸਾਡੀ ਕੀ ਜਿੰਮੇਵਾਰੀ ਹੈ? 2

19.ਪਿੰਡ ਦੀ ਪੰਚਾਇਤ ਦੇ ਕੀ ਕੰਮ ਹਨ? 3

20.ਸਰਵਜਨਕ ਸੰਪਤੀ ਅਤੇ ਨਿੱਜੀ ਸੰਪਤੀ ਵਿੱਚ ਕੀ ਅੰਤਰ ਹੈ? 4

## ਬੇਸਲਾਈਨ ਟੈਸਟਿੰਗ ਟੂਲ

## ਵਿਸ਼ਾ - ਸਮਾਜਿਕ ਵਿਗਿਆਨ

## ਜਮਾਤ - ਸੱਤਵੀ

### ਭੂਗੋਲ

| | |
|---|---|
| 1.ਸਾਡੀ ਪ੍ਰਿਥਵੀ ਉਪਰ ਕਿੰਨੇ ਮਹਾਸਾਗਰ ਹਨ? | 1 |
| 2.ਕਪਾਹ ਲਈ ਕਿਹੜੀ ਮਿਟੀ ਸਭ ਤੋ ਵਧੀਆ ਮੰਨੀ ਜਾਂਦੀ ਹੈ? | 1 |
| 3.ਚੰਡੀਗੜ੍ਹ ਕਿਹੜੇ ਦੋ ਰਾਜਾ ਦੀ ਰਾਜਧਾਨੀ ਹੈ? | 2 |
| 4.ਸੰਸਾਰ ਦੇ ਸਭ ਤੋਂ ਵੱਡੇ ਅਤੇ ਛੋਟੇ ਮਹਾਂਦੀਪ ਦਾ ਨਾਂ ਦੱਸੋ? | 2 |
| 5. ਸਾਗਰੀ ਪਾਣੀ ਖਾਰਾ ਕਿਉਂ ਹੈ? | 3 |
| 6. ਧਰਤੀ ਨੂੰ ਭੌ ਖੁਰਣ ਤੋਂ ਬਚਾਉਣ ਦੇ ਤਿੰਨ ਉਪਾਅ ਦੱਸੋ? | 3 |
| 7. ਧਰਤੀ ਤੇ ਮਿੱਟੀ ਦੀ ਮਹੱਤਤਾ ਬਾਰੇ ਦੱਸੋ? | 4 |
| 8.ਸੂਰਜੀ ਪਰਿਵਾਰ ਬਾਰੇ ਤੁਸੀ ਕੀ ਜਾਣਦੇ ਹੋ? | 4 |

### ਇਤਿਹਾਸ

| | |
|---|---|
| 9.ਸ਼੍ਰੀ ਹਰਿਮੰਦਰ ਸਾਹਿਬ ਪੰਜਾਬ ਦੇ ਕਿਸ ਸ਼ਹਿਰ ਵਿੱਚ ਸਤਿਤ ਹੈ? | 1 |
| 10. ਭਾਰਤ ਕਦੋ ਆਜ਼ਾਦ ਹੋਇਆ? | 1 |
| 11.ਸਿੰਧ ਘਾਟੀ ਦੀ ਸੱਭਿਅਤਾ ਦੇ ਚਾਰ ਕੇਂਦਰਾਂ ਦੇ ਨਾਂ ਦਸੋ? | 2 |
| 12.ਮੱਧਕਾਲ ਦੌਰਾਨ ਹਿੰਦੂ ਸਮਾਜ ਕਿਹੜੀਆਂ ਚਾਰ ਜਾਤਾਂ ਵਿੱਚ ਵੰਡਿਆ ਸੀ? | 2 |
| 13.ਮੁਸਲਿਮ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ? | 3 |
| 14.ਤਿੰਨ ਆਜ਼ਾਦੀ ਘੁਲਾਟੀਆਂ ਦੇ ਨਾਮ ਦੱਸੋ? | 3 |
| 15.ਸਿੱਖ ਧਰਮ ਦੇ ਦਸ ਗੁਰੂਆਂ ਦੇ ਨਾਮ ਦੱਸੋ? | 4 |
| 16.ਸਿੰਧ ਘਾਟੀ ਦੀ ਸੱਭਿਅਤਾ ਦੇ ਪਤਨ ਦੇ ਚਾਰ ਕਾਰਨ ਦੱਸੋ? | 4 |

### ਨਾਗਰਿਕ ਸ਼ਾਸ਼ਤਰ

| | |
|---|---|
| 17. ਪਿੰਡ ਦੀ ਪੰਚਾਇਤ ਦੇ ਮੁੱਖੀ ਨੂੰ ਕੀ ਕਹਿੰਦੇ ਹਨ? | 1 |
| 18.ਨਗਰਪਾਲਿਕਾ ਦੇ ਦੋ ਕੰਮ ਦੱਸੋ? | 2 |
| 19.ਤਿੰਨ ਸਮਾਜਿਕ ਬੁਰਾਇਆਂ ਦੇ ਨਾਮ ਦੱਸੋ? | 3 |
| 20.ਤੁਹਾਡੇ ਵਿਚਾਰ ਅਨੁਸਾਰ ਲੜਕੀਆਂ ਨੂੰ ਬਰਾਬਰ ਅਧਿਕਾਰ ਕਿਉਂ ਮਿਲਣੇ ਚਾਹੀਦੇ ਹਨ? | 4 |

## ਬੇਸਲਾਈਨ ਟੈਸਟਿੰਗ ਟੂਲ

## ਵਿਸ਼ਾ - ਸਮਾਜਿਕ ਵਿਗਿਆਨ

## ਜਮਾਤ - ਅੱਠਵੀਂ

### ਭੂਗੋਲ

| | |
|---|---|
| 1. ਆਫਤ ਕਿਸ ਨੂੰ ਕਿਹਾ ਜਾਂਦਾ ਹੈ? | 1 |
| 2.ਆਪਣੇ ਜਿਲੇ ਦੀ ਕਿਸੇ ਇੱਕ ਫੈਕਟਰੀ ਦਾ ਨਾਮ ਦੱਸੋ? | 1 |
| 3.ਪ੍ਰਵਾਸੀ ਪੰਛੀ ਕੀ ਹਨ ਅਤੇ ਕਿਥੋਂ ਆਉਂਦੇ ਹਨ? | 2 |
| 4.ਕੰਨਿਆ ਭਰੂਣ ਹੱਤਿਆ ਕਿਸ ਨੂੰ ਆਖਦੇ ਹਨ? | 2 |
| 5.ਜਨਗਣਨਾ ਕਿਸਨੂੰ ਆਖਦੇ ਹਨ। ਇਹ ਕਿਨ੍ਹੇ ਸਾਲ ਬਾਅਦ ਕੀਤੀ ਜਾਂਦੀ ਹੈ? | 3 |
| 6.ਫੈਕਟਰੀਆਂ ਪ੍ਰਦੂਸਣ ਕਿਵੇ ਵਦਾਉਂਦੀਆਂ ਹਨ? | 3 |
| 7.ਕੁਦਰਤੀ ਆਫਤਾਂ ਤੋਂ ਬਚਣ ਲਈ ਸਾਨੂੰ ਕੀ ਕੀ ਉਪਾਅ ਕਰਨੇ ਚਾਹੀਦੇ ਹਨ? | 4 |
| 8.ਜੰਗਲੀ ਜੀਵਾਂ ਦੇ ਬਚਾਅ ਲਈ ਸਰਕਾਰ ਨੇ ਕੀ ਕਦਮ ਉਠਾਏ ਹਨ? | 4 |

### ਇਤਿਹਾਸ

| | |
|---|---|
| 9.1857 ਈ, ਦੇ ਵਿਦਰੋਹ ਦਾ ਪਹਿਲਾ ਸ਼ਹੀਦ ਕੌਂਦ ਸੀ? | 1 |
| 10.ਸਿੱਖਾ ਦੇ ਪੰਜਵੇ ਗੁਰੁ ਦਾ ਨਾ ਦਸੋ? | 1 |
| 11.ਗੁਰੁ ਗੋਬਿੰਦ ਸਿੰਘ ਜੀ ਦੇ ਚਾਰ ਸ਼ਾਹਿਬਜਾਦਿਆਂ ਦੇ ਨਾਂ ਦਸੋ? | 2 |
| 12.ਦੂਜੇ ਵਿਆਹ ਤੇ ਪਾਬੰਦੀ ਕਦੋ ਤੇ ਕਿਸਦੇ ਘਤਨਾਂ ਸਦਕਾ ਲਗਾਈ ਗਈ? | 2 |
| 13.ਗਦਰ ਪਾਰਟੀ ਦੀ ਸਥਾਪਨਾ ਕਦੋਂ,ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ? | 3 |
| 14.ਪੰਜਾਬੀ ਸਮਾਜ ਦੇ ਕੋਈ ਛੇ ਰੀਤੀ ਰਿਵਾਜ ਦੱਸੋ? | 3 |
| 15.ਸਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਨਿਸ਼ਾਨਾ ਕਿਉਂ ਬਣਾਇਆ? | 4 |
| 16.1857 ਈ, ਦੇ ਵਿਦਰੋਹ ਦੀਆਂ ਕੋਈ ਚਾਰ ਘਟਨਾਵਾਂ ਦੱਸੋ? | 4 |

### ਨਾਗਰਿਕ ਸ਼ਾਸ਼ਤਰ

| | |
|---|---|
| 17.ਜਿਲ੍ਹੇ ਦੇ ਮੁੱਖੀ ਨੂੰ ਕੀ ਕਹਿੰਦੇ ਹਨ? | 1 |
| 18. ਭਾਰਤੀ ਸੰਵਿਧਾਨ ਕਿੰਨੇ ਸਮੇਂ ਵਿੱਚ ਤਿਆਰ ਕੀਤਾ ਗਿਆ? | 2 |
| 19.ਅਧਿਕਾਰਾਂ ਅਤੇ ਕਰਤੱਵਾ ਵਿੱਚ ਸੰਬੰਧ ਦੱਸੋ? | 3 |
| 20.ਸਰਾਬਬੰਦੀ ਦਾ ਕੀ ਅਰਖ ਹੈ?ਇਸਨੂੰ ਕਿਉਂ ਲਾਗੂ ਕਰਨਾ ਚਾਹੀਦਾ ਹੈ? | 4 |

# ਪ੍ਰੋਫ਼ਾਰਮਾ-1

(ਸਬੰਧਤ ਅਧਿਆਪਕ ਬੇਸ ਲਾਈਨ ਟੈਸਟਿੰਗ ਦਾ ਇਹ ਰਿਕਾਰਡ ਡੀ.ਆਰ.ਪੀ ਨੂੰ ਭੇਜੇਗਾ)
ਸਮਾਜਿਕ ਸਿੱਖਿਆ ਵਿਸ਼ੇ ਵਿੱਚ ਬੇਸ ਲਾਈਨ ਟੈਸਟਿੰਗ ਲਈ ਪ੍ਰੋਫ਼ਾਰਮਾ(ਪ੍ਰਤੀਸ਼ਤਾ)

ਸਕੂਲ ਦਾ ਨਾਂ: ਬਲਾਕ: ਜ਼ਿਲ੍ਹਾ:

## ਟੇਬਲ-1

| ਲੜੀ ਨੰ. | ਜਮਾਤ | ਗਿਆਨ (Knowledge) ਹਾਜ਼ਰ ਹੋਏ ਵਿਦਿਆਰਥੀਆਂ ਵਲੋਂ ਕੁੱਲ ਪ੍ਰਾਪਤ ਅੰਕ X 100 / ਹਾਜ਼ਰ ਹੋਏ ਵਿਦਿਆਰਥੀ X 5 | ਸਮਝ (Understanding) ਹਾਜ਼ਰ ਹੋਏ ਵਿਦਿਆਰਥੀਆਂ ਵਲੋਂ ਕੁੱਲ ਪ੍ਰਾਪਤ ਅੰਕ X 100 / ਹਾਜ਼ਰ ਹੋਏ ਵਿਦਿਆਰਥੀ X 10 | ਕਿਰਿਆ (Application) ਹਾਜ਼ਰ ਹੋਏ ਵਿਦਿਆਰਥੀਆਂ ਵਲੋਂ ਕੁੱਲ ਪ੍ਰਾਪਤ ਅੰਕ X 100 / ਹਾਜ਼ਰ ਹੋਏ ਵਿਦਿਆਰਥੀ X 15 | ਕੌਸ਼ਲ (Skill) ਹਾਜ਼ਰ ਹੋਏ ਵਿਦਿਆਰਥੀਆਂ ਵਲੋਂ ਕੁੱਲ ਪ੍ਰਾਪਤ ਅੰਕ X 100 / ਹਾਜ਼ਰ ਹੋਏ ਵਿਦਿਆਰਥੀ X 20 |
|---|---|---|---|---|---|
| 1 | ਛੇਵੀਂ | | | | |
| 2 | ਸੱਤਵੀਂ | | | | |
| 3 | ਅੱਠਵੀਂ | | | | |

## ਟੇਬਲ-2

| ਲੜੀ ਨੰ. | ਜਮਾਤ | ਭੂਗੋਲ (Geography) | ਇਤਿਹਾਸ (History) | ਨਾਗਰਿਕ ਸ਼ਾਸਤਰ (Civics) |
|---|---|---|---|---|
| 1 | ਛੇਵੀਂ | | | |
| 2 | ਸੱਤਵੀਂ | | | |
| 3 | ਅੱਠਵੀਂ | | | |

ਸਬੰਧਤ ਅਧਿਆਪਕ ਦੇ ਹਸਤਾਖਰ ਸਕੂਲ ਮੁਖੀ ਦੇ ਹਸਤਾਖਰ

## ਪ੍ਰੋਫ਼ਾਰਮਾ-2

(ਸਬੰਧਤ ਅਧਿਆਪਕ ਬੇਸ ਲਾਈਨ ਟੈਸਟਿੰਗ ਦਾ ਇਹ ਰਿਕਾਰਡ ਆਪਣੇ ਕੋਲ ਰੱਖੇਗਾ)

ਜਮਾਤ:ਛੇਵੀਂ/ਸੱਤਵੀਂ/ਅੱਠਵੀਂ ਜ਼ਿਲ੍ਹਾ: ਸਕੂਲ ਦਾ ਨਾਂ:

ਮਿਤੀ:

| ਲੜੀ ਨੰ. | ਵਿਦਿਆਰਥੀ ਦਾ ਨਾਂ | ਗਿਆਨ | ਸਮਝ | ਕਿਰਿਆ | ਕੌਸ਼ਲ | ਕੁੱਲ ਜੋੜ | ਭੂਗੋਲ | ਇਤਿਹਾਸ | ਨਾਗਰਿਕ ਸ਼ਾਸ਼ਤਰ | ਕੁੱਲ ਜੋੜ |
|---|---|---|---|---|---|---|---|---|---|---|
| | | ਪ੍ਰਸ਼ਨ ਨੰ. 1,2,9,10, 17 (ਕੁੱਲ ਨੰ. 5) | ਪ੍ਰਸ਼ਨ ਨੰ. 3,4,11,12, 18 (ਕੁੱਲ ਨੰ. 10) | ਪ੍ਰਸ਼ਨ ਨੰ. 5,6,13, 14,19 (ਕੁੱਲ ਨੰ. 15) | ਪ੍ਰਸ਼ਨ ਨੰ. 7,8,15, 16,20 (ਕੁੱਲ ਨੰ. 20) | ਕੁੱਲ ਨੰ. 50 | ਕੁੱਲ ਨੰ. 20 | ਕੁੱਲ ਨੰ. 20 | ਕੁੱਲ ਨੰ. 10 | ਕੁੱਲ ਨੰ. 50 |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |

ਸਬੰਧਤ ਅਧਿਆਪਕ ਦੇ ਹਸਤਾਖਰ